14 ਫਰਵਰੀ, 2023

# ਵਿਆਹ ਦੇ ਲਾਇਸੈਂਸ ਲਈ ਅਰਜ਼ੀਆਂ ਹੁਣ ਔਨਲਾਈਨ ਪਹੁੰਚਯੋਗ ਹਨ

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ ਵਿੱਚ, ਵਿਆਹ ਦੇ ਲਾਇਸੈਂਸ ਲਈ ਅਰਜ਼ੀਆਂ ਹੁਣ ਔਨਲਾਈਨ ਉਪਲਬਧ ਹਨ। ਨਿਵਾਸੀ, ਕਿਸੇ ਵੀ ਸਮੇਂ ਵਿਆਹ ਦੇ ਲਾਇਸੈਂਸ ਵਾਲੇ ਡਿਜੀਟਲ ਪੋਰਟਲ ਤੇ ਜਾ ਕੇ ਅਪਲਾਈ ਕਰ ਸਕਦੇ ਹਨ। ਪਹਿਲਾਂ, ਸਿਟੀ ਆਫ ਬ੍ਰੈਂਪਟਨ, ਸਿਟੀ ਹਾਲ (City Hall) ਵਿਖੇ ਸਿਰਫ ਵਿਅਕਤੀਗਤ ਪੇਪਰ-ਅਧਾਰਤ ਅਰਜ਼ੀਆਂ ਹੀ ਸਵੀਕਾਰ ਕਰਦੀ ਸੀ।

ਵਿਆਹ ਦੇ ਲਾਇਸੈਂਸ ਦੀ ਔਨਲਾਈਨ ਅਰਜ਼ੀ ਪੂਰੀ ਕਰਨ ਤੇ, ਬਿਨੈਕਾਰ ਨੂੰ ਇੱਕ ਹਵਾਲਾ ਨੰਬਰ ਮਿਲੇਗਾ, ਜੋ ਵਿਆਹ ਦਾ ਲਾਇਸੈਂਸ ਲੈਣ ਲਈ ਸਿਟੀ ਹਾਲ ਆਉਣ ਦੇ ਸਮੇਂ ਚਾਹੀਦਾ ਹੈ।

ਵਿਆਹ ਦੇ ਲਾਇਸੈਂਸ ਦੀ ਅਰਜ਼ੀ ਦੇ ਨਵੇਂ ਪੋਰਟਲ ਤੇ ਪਹੁੰਚ ਲਈ, www.brampton.ca/marriageservices ਤੇ ਜਾਓ।

**ਵਿਆਹ ਦੇ ਲਾਇਸੈਂਸਾਂ ਬਾਰੇ**

ਵਿਆਹ ਦੇ ਲਾਇਸੈਂਸ, ਜਾਰੀ ਹੋਣ ਦੀ ਤਾਰੀਖ ਤੋਂ ਤਿੰਨ ਮਹੀਨੇ ਤੱਕ ਓਨਟੈਰੀਓ ਵਿੱਚ ਕਿਸੇ ਵੀ ਸਮੇਂ ਵੈਧ ਹੁੰਦੇ ਹਨ ਅਤੇ ਸੂਬੇ ਦੀਆਂ ਜ਼ਿਆਦਾਤਰ ਮਿਊਨਿਸਿਪਲਟੀਜ ਵਿੱਚ ਉਪਲਬਧ ਹਨ।

ਓਨਟੈਰੀਓ ਵਿੱਚ ਵਿਆਹ ਕਰਨ ਵਾਲੇ ਵਿਅਕਤੀਆਂ ਲਈ, ਵਿਆਹ ਕਰਨ ਤੋਂ ਪਹਿਲਾਂ ਵਿਆਹ ਦਾ ਲਾਇਸੈਂਸ ਲੈਣਾ ਲਾਜ਼ਮੀ ਹੈ। ਸਮਾਰੋਹ ਹੋਣ ਤੋਂ ਬਾਅਦ ਲਾਇਸੈਂਸ ਜਾਰੀ ਨਹੀਂ ਕੀਤਾ ਜਾ ਸਕਦਾ।

**ਸਿਵਿਲ ਵਿਆਹ ਸਮਾਰੋਹ**

ਸਿਵਿਲ ਵਿਆਹ ਸਮਾਰੋਹ, ਹਰੇਕ ਮੰਗਲਵਾਰ ਤੋਂ ਸ਼ੁੱਕਰਵਾਰ, ਕਾਰਜ ਸਮੇਂ ਦੇ ਦੌਰਾਨ, ਬ੍ਰੈਂਪਟਨ ਸਿਟੀ ਹਾਲ ਵਿਖੇ ਲਗਾਤਾਰ ਆਯੋਜਿਤ ਹੋ ਰਹੇ ਹਨ।

2022 ਵਿੱਚ, 1,300 ਸਿਵਿਲ ਸਮਾਰੋਹ ਆਯੋਜਿਤ ਕੀਤੇ ਗਏ ਸਨ। 2016 ਤੋਂ ਲੈ ਕੇ, ਸਟਾਫ ਨੇ 3,000 ਸਮਾਰੋਹ ਆਯੋਜਿਤ ਕੀਤੇ ਹਨ।

ਸਿਟੀ ਆਫ ਬ੍ਰੈਂਪਟਨ ਦੇ ਸਿਵਿਲ ਸਮਾਰੋਹਾਂ ਬਾਰੇ ਵਧੇਰੇ ਜਾਣਕਾਰੀ ਲਈ, **ਇੱਥੇ ਕਲਿੱਕ ਕਰੋ (click here)**।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca